ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

... ਦੀ ਅਜ਼ਾਦੀ ਲਈ ਸ਼ਹੀਦ

ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ, ਸੰਤ ਗੁਰਮੁਖ ਸਿੰਘ

੫ ਅਗਸਤ ੧੮੭੧ ਰਾਏਕੋਟ (ਪੰਜਾਬ)

੫ ਅਗਸਤ ੧੮੭੧ ਈ., ਰਾਏਕੋਟ, ਲੁਧਿਆਣਾ ਵਿਖੇ ਤਿੰਨ ਨਾਮਧਾਰੀ ਸਿੱਖਾਂ-ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁਖ ਸਿੰਘ ਨੂੰ ਸੈਂਕੜੇ ਲੋਕਾਂ ਦੀ ਭੀੜ ਦੇ ਸਾਹਮਣੇ ਸ਼ਰੇਆਮ ਫਾਂਸੀ ਤੇ ਲਟਕਾ ਦਿਤਾ ਗਿਆ। ਅੰਗਰੇਜ਼ਾਂ ਦੀ ਗਊਬੱਧ ਕਰਾਉਣ ਵਾਲੀ ਨੀਤੀ ਵਿਰੁੱਧ ਪੰਜਾਬ ਵਿਚ ਨਾਮਧਾਰੀ ਸਿੱਖਾਂ ਦੀ ਕੇਵਲ ਰਾਏਕੋਟ ਦੀ ਹੀ ਘਟਨਾ ਨਹੀ ਸੀ, ਸਗੋਂ ਇਸ ਤੋਂ ਪਹਿਲਾਂ ੧੪-੧੫ ਜੂਨ ਦੀ ਵਿਚਕਾਰਲੀ ਰਾਤ ਨੂੰ ਅੰਮ੍ਰਿਤਸਰ ਵੀ ਨਾਮਧਾਰੀ ਸਿੱਖਾਂ ਨੇ ਬੁੱਚੜਾਂ ਵਿਰੁੱਧ ਕਾਰਵਾਈ ਕੀਤੀ ਸੀ ਜੋ ਅੰਗਰੇਜ਼ੀ ਸਾਮਰਾਜ ਅਤੇ ਉਸ ਦੀਆਂ ਨੀਤੀਆਂ ਨੂੰ ਇਕ ਸਿੱਧਾ ਚੈਲੰਜ ਸੀ।

ਖਾਲਸਾ ਰਾਜ ਸਮੇਂ ਪੰਜਾਬ ਵਿਚ ਗਊਬੱਧ ਤੇ ਪੂਰੀ ਤਰਾਂ ਪਾਬੰਦੀ ਲੱਗੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਸਮੇਂ ਜਦੋਂ ਅੰਗਰੇਜ਼ੀ ਫੌਜਾਂ ਪੰਜਾਬ ਦੇ ਵਿੱਚੋਂ ਦੀ ਲੰਘਦੀਆਂ ਸਨ ਅਤੇ ਜੋ ਵੀ ਯੂਰੋਪੀਅਨ ਅਫ਼ਸਰ ਮਹਾਰਾਜੇ ਦੀ ਫ਼ੌਜ ਵਿਚ ਨੌਕਰ ਸਨ, ਸਭਨਾਂ ਲਈ ਗਊਬੱਧ ਕਰਨਾ ਅਤੇ ਗਊ ਦਾ ਮਾਸ ਖਾਣਾ ਸਖਤੀ ਨਾਲ ਮਨ੍ਹਾਂ ਸੀ। ਏਥੋਂ ਤੀਕ ਕਿ ੧੮੪੭ ਈ. ਵਿਚ ਜਦੋਂ ਅੰਗਰੇਜ਼ ਪੰਜਾਬ ਵਿਚ ਆ ਗਏ ਸਨ, ਉਸ ਸਮੇਂ ਵੀ ਉਹਨਾਂ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਯਤਨ ਨਹੀ ਸੀ ਕੀਤਾ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਗੁਰਦੁਆਰੇ ਦੇ ਮੁਖ ਦਰਵਾਜੇ ਨਾਲ ਰੈਜੀਡੈਂਟ ਲਾਰੈਂਸ ਨੇ ਜੋ ਪਿੱਤਲ ਦੀ ਪਲੇਟ ਲਿਖ ਕੇ ਲਗਾਈ ਹੋਈ ਸੀ, ਉਸ ਵਿਚ ਲਿਖਿਆ ਸੀ ਕਿ ਅੰਮ੍ਰਿਤਸਰ ਵਿਖੇ ਗਊਬੱਧ ਨਹੀ ਕੀਤਾ ਜਾਵੇਗਾ। (Kine are not to be

killed at Amritsar) ਲੇਕਿਨ ੧੮੪੯ ਵਿਚ ਜਦੋਂ ਅੰਗਰੇਜ਼ਾਂ ਦਾ ਪੰਜਾਬ ਤੇ ਪੂਰਾ ਅਧਿਕਾਰ ਹੋ ਗਿਆ ਤਾਂ ਉਹਨਾਂ ਨੇ ਆਪਣੀ ਪਹਿਲੇ ਵਾਲੀ ਨੀਤੀ ਵਿਚ ਤਬਦੀਲੀ ਕਰ ਦਿੱਤੀ ਕਿ, "ਕਿਸੇ ਨੂੰ ਵੀ ਆਪਣੇ ਗੁਆਂਢੀ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀ ਹੋਵੇਗੀ।" (No one should be allowed to interfere with [illegible] tice, by his neighbour, of customs which that neighbour's [illegible]).

ਪੰਜਾਬ ਤੇ ਪੂਰਨ ਤੌਰ ਤੇ ਕਬਜਾ ਕਰਦਿਆਂ ਹੀ ਅੰਗਰੇ[illegible] ਰਾਜ ਕ[illegible] ਦੀ ਨੀਤੀ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ। ਪੰਜਾਬ [illegible] ਗਣਤੀ ਵਿ[illegible] ਸਨ ਅਤੇ ਗਊਬੱਧ ਦੀ ਖੁਲ੍ਹ ਦੇ ਕੇ ਅਤੇ ਖੁਸ਼ ਕਰਕੇ ਅੰਦਾ[illegible] ਰਾਜਨੀਤਕ ਮਨੋਰਥ ਲਈ ਵਰਤਣਾ ਚਾਹੁੰਦੇ ਸਨ। ਅੰਗਰੇਜ਼ ਗਊ ਮਾਸ [illegible]ਲਮਾਨ ਵੀ ਗਊ ਮਾਸ ਖਾਂਦੇ ਸਨ, ਇਸ ਲਈ ਧਾਰਮਿਕ ਵਿਚਾਰਧਾਰਾ ਦੀ ਖੁਲ੍ਹ [illegible] ਮੁਸਲਮਾਨ ਵਰਗ ਵਲੋਂ ਅੰਗਰੇਜ਼ਾਂ ਨੂੰ ਹਮਾਇਤ ਮਿਲ ਸਕਦੀ ਸੀ। ਅੰਗਰੇਜ਼ ਵੀ ਇਹੋ [illegible] ਸਨ ਕਿ ਗਊਬੱਧ ਦੇ ਮਾਮਲੇ ਤੇ ਹਿੰਦੂ ਸਿੱਖਾਂ ਦਾ ਤੇ ਮੁਸਲਮਾਨਾਂ ਦਾ ਆਪਸੀ ਭਾਈਚਾਰਾ ਟੁੱਟੇ ਤੇ ਪਾੜਾ ਵਧੇ। ਇਹੀ ਉਹਨਾਂ ਦੇ ਸਾਮਰਾਜ ਦੇ ਹਿਤ ਵਿੱਚ ਸੀ। ੮ ਅਪ੍ਰੈਲ ੧੮੯੯ ਨੂੰ ਭਾਰਤ ਵਿਚ ਸਿਵਲ ਸਰਵਿਸ ਦੇ ਇਮਤਿਹਾਨਾਂ ਬਾਬਤ ਨੋਟ ਵਿਚ ਇਕ ਥਾਂ ਤੇ ਪੰਜਾਬ ਦੇ ਲੈ. ਗਵਰਨਰ ਨੇ ਲਿਖਿਆ ਸੀ-"ਚਰਬੀ ਵਾਲੇ ਕਾਰਤੂਸਾਂ ਦੀ ਤਰ੍ਹਾਂ ਕਿਸੇ ਵੀ ਸਵਾਲ ਉੱਤੇ ਅਥਵਾ ਗਊਬੱਧ ਦੇ ਵਿਰੁਧ ਅਵਾਜ਼ ਨਾਲ ਬਵਾਲ ਖੜ੍ਹਾ ਹੋ ਸਕਦਾ ਹੈ ਅਤੇ ਮਹੀਨੇ ਭਰ ਵਿਚ ਹੀ ਪੂਰੇ ਰਾਜ ਵਿਚ ਅੱਗ ਦੀਆਂ ਲਪਟਾਂ ਫੈਲ ਸਕਦੀਆਂ ਹਨ।" ਥੋੜ੍ਹਾ ਅੱਗੇ ਚਲ ਕੇ ਲੈਫਟੀਨੈਂਟ ਗਵਰਨਰ ਨੇ ੧੭ ਵੇਂ ਪੈਰੇ ਵਿਚ ਲਿਖਿਆ - "(ਲੋਗ ਸਮਝਦੇ ਹਨ) ਅੰਗਰੇਜ਼ ਖੁਦ ਗਊ ਦਾ ਮਾਸ ਖਾਣ ਕਰਕੇ ਮੁਸਲਮਾਨਾਂ ਨੂੰ ਗਊਬੱਧ ਲਈ ਹੱਲਾਸ਼ੇਰੀ ਦਿੰਦੇ ਹਨ ਤਾਂ ਜੋ ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਪਾੜਾ ਵਧੇ।" ਅਤੇ-"ਗਊਬੱਧ ਕਰਨ ਦਾ ਸਵਾਲ ਘੱਟੋ ਘੱਟ ਪਿਛਲੇ ਵੀਹ ਸਾਲਾਂ ਤੋਂ ਸਭ ਤੋਂ ਗੰਭੀਰ ਖਤਰੇ ਵਾਲਾ ਮੰਨਿਆ ਜਾਂਦਾ ਹੈ। ਅਗਰ ਇਹੀ ਭਾਵਨਾ (ਅੰਗਰੇਜ਼ ਰਾਹੀਂ ਗਊ ਹੱਤਿਆ ਕਰਨ ਦੀ ਭਾਵਨਾ) ਸਾਡੀ ਦੇਸੀ ਫੌਜ ਅਤੇ ਪੁਲਿਸ ਵਿਚ ਫੈਲ ਗਈ, ਤਾਂ ਇਹ ਕਹਿਣਾ ਗਲਤ ਨਹੀ ਹੋਵੇਗਾ ਕਿ ਹਿੰਦੁਸਤਾਨ ਦੇ ਵੱਡੇ ਹਿੱਸੇ ਵਿਚ ਕੁਝ ਸਮੇਂ ਲਈ ਬ੍ਰਿਟਿਸ਼ ਰਾਜ ਉਖਾੜ ਸੁਟਿਆ ਜਾਵੇਗਾ।"

ਗਊਬੱਧ ਦੀ ਮੁਸਲਮਾਨਾਂ ਪ੍ਰਤੀ ਨੀਤੀ ਬਾਰੇ ਪੰਜਾਬ ਵਿਚ ਮਾਲੀ ਮਾਮਲਿਆਂ ਦੇ ਕਮਿਸ਼ਨਰ ਜੀ. ਐਸ. ਓਗਲੀਵਨ ਨੇ ਲਿਖਿਆ-"ਜਿਥੋਂ ਤੀਕ ਆਗੂਆਂ ਦਾ ਸੰਬੰਧ ਹੈ, ਗਊਬੱਧ ਵਿਰੋਧੀ ਅੰਦੋਲਨ ਧਾਰਮਿਕ ਜੋਸ਼ ਦੀ ਆੜ ਵਿੱਚ ਰਾਜਦ੍ਰੋਹ ਹੈ।" ਮਹਾਰਾਣੀ ਵਿਕਟੋਰੀਆ ਨੇ ਵੀ ਦਸੰਬਰ ੧੮੯੩ ਨੂੰ ਵਾਇਸਰਾਏ ਲੈਂਸਡਾਊਨ ਨੂੰ ਲਿਖੇ ਪੱਤਰ ਵਿਚ ਲਿਖਿਆ ਸੀ-"ਮੁਸਲਮਾਨਾਂ ਵੱਲ ਹਿੰਦੂਆਂ ਤੋਂ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ; ਅਤੇ ਉਹ ਨਿਸ਼ਚੇ ਹੀ ਜ਼ਿਆਦਾ ਵਫਾਦਾਰ ਹਨ। ਭਾਵੇਂ ਮੁਸਲ[illegible] ਵਲੋਂ ਕੀਤੇ ਜਾਣ ਵਾਲੇ ਗਊਬੱਧ ਨੂੰ 'ਗਊਬੱਧ ਵਿਰੋਧੀ ਅੰਦੋਲਨ' ਦਾ ਬਹਾਨਾ ਬਣਾਇਆ [illegible] ਫਿਰ ਵੀ ਇਹ ਅੰਦੋਲਨ ਵਾਸਤਵ ਵਿੱਚ ਸਾਡੇ ਵਿਰੁੱਧ ਹੈ।"

ਇਕ ਫ਼ਾਰਸੀ ਅਖ਼ਬਾਰ ਨੇ ੧੮੮੪ ਦੇ ਅੰਕ ਵਿਚ ਲਿਖਿਆ ਸੀ-"ਜਦ ਕਿ ਮੁਸਲਮਾਨ ਗਊਬੱਧ ਕਰਦੇ ਹਨ, ਪਰ ਉਹ ਅੰਗਰੇਜ਼ ਅਫਸਰਾਂ ਦੇ ਹੁਕਮਾਂ ਨਾਲ ਹੀ ਇਸ ਤਰ੍ਹਾਂ ਕਰਦੇ ਹਨ। ਇਹ ਅਫਸਰ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵਿੱਥ ਬਣਾਈ ਰੱਖਣਾ ਚਾਹੁੰਦੇ ਹਨ।"

ਉਪਰੋਕਤ ਸਾਰੇ ਪ੍ਰਮਾਣਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰਨ ਉਪਰੰਤ ਗਊਬੱਧ ਦੀ ਖੁਲ੍ਹ ਜਾਣ ਬੁਝ ਕੇ ਦਿੱਤੀ ਸੀ ਤਾਂ ਜੋ ਪਹਿਲੀ ਗੱਲ, ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿਚਕਾਰ ਝਗੜੇ ਹੋਣ ਅਤੇ ਪਾੜਾ ਵਧੇ। ਇਹ ਗੱਲ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਨੀਤੀ ਦਾ ਹੀ ਹਿੱਸਾ ਸੀ। ਦੂਸਰਾ, ਮੁਸਲਮਾਨਾਂ ਨੂੰ ਆਪਣੇ ਵੱਲ ਕਰਕੇ ਆਪਣਾ ਸਾਮਰਾਜ [illegible]ਤ ਕਰਨਾ। ਕਿਉਂਕਿ ਉਪਰੋਕਤ ਸਾਰੇ ਕਾਰਨ ਰਾਜਨੀਤਕ ਮਨੋਰਥਾਂ ਲਈ ਹੀ ਸਨ, ਇਸ ਲਈ ਪੰਜਾਬ ਵਿਚ ਨਾਮਧਾਰੀ ਸਿੱਖਾਂ ਵਲੋਂ ਅੰਮ੍ਰਿਤਸਰ, ਰਾਏਕੋਟ ਆਦਿ ਇਲਾਕਿਆਂ ਵਿਚ ਗਊਬੱਧ ਵਿਰੁੱਧ ਕੀਤੀ ਗਈ ਕਾਰਵਾਈ ਵੀ ਧਾਰਮਿਕ ਵਿਚਾਰਧਾਰਾ ਦੀ ਆੜ ਵਿਚ ਰਾਜਨੀਤੀ ਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਇਸ ਮਨੋਰਥ ਲਈ ਕੀਤੇ ਜਾਂਦੇ ਪ੍ਰਚਾਰ ਬਾਰੇ ੧੨ ਫਰਵਰੀ ੧੮੭੨ ਨੂੰ ਪੰਜਾਬ ਦੇ ਇਕ ਮਹਾਰਾਜੇ ਨੇ ਪੰਜਾਬ ਸਰਕਾਰ ਨੂੰ ਲਿਖਿਆ ਸੀ-ਇਹ ਨਿਸਚਿਤ ਹੈ ਕਿ ਗੁਰੂ ਰਾਮ ਸਿੰਘ ਦਾ ਅਸਲ ਮਕਸਦ ਧਾਰਮਿਕ ਬਹਾਨੇ ਰਾਜ ਲੈਣ ਦੀ ਮਨਸ਼ਾ ਸੀ।

(It is certain that Guru Ram Singh's real motive and ambition was bent upon religious pretext to regain and acquire domination...)

੪ ਨਵੰਬਰ ੧੮੭੧ ਨੂੰ ਅੰਬਾਲੇ ਦੇ ਕਮਿਸ਼ਨਰ ਨੇ ਇਕ ਲੰਮਾ ਮੀਮੋ ਲਿਖਕੇ ਸਰਕਾਰ ਨੂੰ ਭੇਜਿਆ ਸੀ ਜਿਸ ਵਿਚ ਇਕ ਥਾਂ ਤੇ ਉਸਨੇ ਸਾਰੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਲਿਖਿਆ-"ਮੈਂ ਸੋਚਦਾ ਹਾਂ ਕਿ ਉਪਰੋਕਤ ਸਾਰੀਆਂ ਗੱਲਾਂ ਦਾ ਨਿਚੋੜ ਇਹ ਹੈ ਕਿ ਕੂਕਾ ਲਹਿਰ (ਸ਼ੁਰੂ ਸ਼ੁਰੂ ਵਿਚ ਇਹ ਭਾਵੇਂ ਕਿਸੇ ਤਰ੍ਹਾਂ ਦੀ ਸੀ) ਹੁਣ ਪੂਰੀ ਤਰਾਂ ਰਾਜਨੀਤਕ ਬਣ ਗਈ ਹੈ, ਧਾਰਮਿਕ ਨਹੀਂ।" (I think the natural deduction from the above is that the movement has become (whatever it was in its beginning) a political and not a purely religious movement.)

ਇਹਨਾਂ ਸਾਰਿਆਂ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਸਮਝਿਆ ਜਾ ਸਕਦਾ ਹੈ ਕਿ ਨਾਮਧਾਰੀ ਸਿੱਖਾਂ ਵਲੋਂ ਗਊਬੱਧ ਵਿਰੁਧ ਕੀਤੀਆਂ ਗਈਆਂ ਕਾਰਵਾਈਆਂ ਵਾਸਤਵ ਵਿਚ ਅੰਗਰੇਜ਼ੀ ਸਾਮਰਾਜ ਦੀਆਂ ਨੀਤੀਆਂ ਦੇ ਹੀ ਵਿਰੁੱਧ ਸਨ ਅਤੇ ਇਹਨਾਂ ਦਾ ਦ੍ਰਿਸ਼ਟੀਕੋਣ ਵੀ ਰਾਜਨੀਤਕ ਸੀ, ਧਾਰਮਿਕ ਨਹੀਂ। ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਮਹਾਤਮਾ ਗਾਂਧੀ [illegible] ਲਈ ਦਾਂਡੀ ਮਾਰਚ ਕੀਤਾ ਸੀ। ਲੂਣ ਤਾਂ ਰਸੋਈ ਵਿਚ ਵਰਤ[illegible] ਵਾਲੀ [illegible] ਹੈ, ਲੇਕਿਨ ਫਿਰ ਵੀ ਲੂਣ ਲਈ ਦਾਂਡੀ ਮਾਰਚ ਨੂੰ ਅੰਗਰੇਜ਼ਾਂ ਵਿਰੁੱਧ ਰਾਜਨੀਤਕ [illegible] ਦਾ ਪ੍ਰਤੀਕ ਮੰਨਿਆ ਗਿਆ ਕਿਉਂਕਿ ਇਸ ਨਾਲ ਗਾਂਧੀ ਜੀ ਨੇ ਅੰਗਰੇਜ਼ਾਂ ਦੇ ਗਲਤ ਕਾਨੂੰਨ ਨੂੰ ਤੋੜਿਆ [illegible]ਠੀਕ ਇਸੇ ਤਰਾਂ [illegible]ਧਾਰੀ ਸਿੱਖਾਂ ਵਲੋਂ ਅੰਮ੍ਰਿਤਸਰ ਅਤੇ ਰਾਏਕੋਟ ਬੁੱਚੜਾਂ ਵਿਰੁੱਧ ਕੀਤੀ [illegible]



ਦੇਸ਼ ਦੀ ਅਜ਼ਾਦੀ ਲਈ ੧੫ ਸਤੰਬਰ ੧੮੭੧ ਨੂੰ ਅੰਮ੍ਰਿਤਸਰ ਵਿੱਚ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਕੁਰਬਾਨੀ ਦਾ ਅਲੌਕਿਕ ਦ੍ਰਿਸ਼।

ਕਾਰਵਾਈ ਉਹਨਾਂ ਦੇ ਬਣਾਏ ਗਏ ਗ਼ਲਤ ਕਾਨੂੰਨ ਨੂੰ ਤੋੜਨ ਲਈ ਹੀ ਸੀ ਜੋ ਪਾੜੋ ਅਤੇ ਰਾਜ ਕਰੋ ਦੀ ਨੀਤੀ ਤੇ ਆਧਾਰਿਤ ਸੀ। ਇਸ ਲਈ ਅੰਮ੍ਰਿਤਸਰ ਅਤੇ ਰਾਏਕੋਟ ਬੁੱਚੜਾਂ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਪੂਰੀ ਤਰਾਂ ਰਾਜਨੀਤਕ ਮਨੋਰਥਾਂ ਵਾਲੀਆਂ ਹੀ ਸਨ ਅਤੇ ਸਾਨੂੰ ਇਹਨਾਂ ਘਟਨਾਵਾਂ ਨੂੰ ਏਸੇ ਸੰਦਰਭ ਵਿਚ ਹੀ ਦੇਖਣ ਦੀ ਲੋੜ ਹੈ।

ਰਾਏਕੋਟ ਵਿਖੇ ਸ਼ਹੀਦ ਕੀਤੇ ਗਏ ਨਾਮਧਾਰੀ ਸਿੱਖਾਂ-ਗੁਰਮੁਖ ਸਿੰਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਨੇ ਦੇਸ਼ ਦੀ ਅਜ਼ਾਦੀ ਖਾਤਰ ਹੱਸਦਿਆਂ-ਹੱਸਦਿਆਂ ਫਾਂਸੀ ਦੇ ਰੱਸੇ ਚੁੰਮੇ। ਇਹਨਾਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਭਾਰਤ ਦੇ ਲੋਕ ਇਹਨਾਂ ਮਹਾਨ ਸ਼ਹੀਦਾਂ ਦੀ ਅਦੁੱਤੀ ਸ਼ਹਾਦਤ ਨੂੰ ਸਦਾ ਯਾਦ ਰੱਖਣ ਅਤੇ ਇਤਿਹਾਸਕਾਰ ਇਤਿਹਾਸ ਵਿਚ ਯੋਗ ਸਥਾਨ ਦੇਣ ਜੋ ਇਹ ਪੰਕਤੀਆਂ ਗਾਉਂਦਿਆਂ ਫਾਂਸੀਆਂ ਤੇ ਚੜ੍ਹ ਗਏ :-

'ਅਸਾਂ ਹਿੰਦ ਵਿਚ ਗ਼ਦਰ ਮਚਾਉਣਾ, ਕੱਢਣਾ ਫਰੰਗੀਆਂ ਨੂੰ'

ਇਹਨਾਂ ਸ਼ਹਾਦਤਾਂ ਨੇ ਦੇਸ਼ ਵਾਸੀਆਂ ਵਿਚ ਐਸਾ ਜਜ਼ਬਾ ਪੈਦਾ ਕੀਤਾ ਕਿ ਫਰੰਗੀਆਂ ਨੂੰ ਦੇਸ਼ ਵਿਚੋਂ ਕੱਢ ਕੇ ਆਪਣਾ ਸੁਦੇਸ਼ੀ ਰਾਜ ਸਥਾਪਤ ਹੋ ਗਿਆ।

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਪੰਜਾਬ)